Noakes Maternity
AT RICHMOND HOSPITAL

# ਜੇਕਰ ਤੁਸੀਂ ਬਲੱਡ ਟਾਈਪ ਆਰਐਚ ਨੈਗੇਟਿਵ ਹੋ

# If You Are Blood Type Rh Negative

ਖੂਨ ਦੀ ਕਿਸਮ ਨੂੰ ਖੂਨ ਸਮੂਹਾਂ (ਏ, ਬੀ, ਏਬੀ ਜਾਂ ਓ) ਅਤੇ ਆਰਐਚ ਫੈਕਟਰ (ਨੈਗੇਟਿਵ ਜਾਂ ਪਾਜ਼ਿਟਿਵ) ਵਿੱਚ ਵੰਡਿਆ ਗਿਆ ਹੈ। ਇਹ ਪੈਂਫਲੈਟ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਹੈ ਕਿ ਜੇਕਰ ਤੁਸੀਂ Rh ਨੈਗੇਟਿਵ ਹੋ ਤਾਂ ਤੁਹਾਡੇ ਲਈ ਕੀ ਕਰਨਾ ਜ਼ਰੂਰੀ ਹੈ ਅਤੇ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸੁਰੱਖਿਆ ਲਈ ਕੀ ਕੀਤਾ ਜਾ ਸਕਦਾ ਹੈ।

**Rh ਨੈਗੇਟਿਵ ਕੀ ਹੈ? What is Rh Negative?**

- ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਦੇ ਖੂਨ ਦੇ ਟੈਸਟਾਂ ਦੇ ਹਿੱਸੇ ਵਜੋਂ, ਤੁਹਾਡੇ ਖੂਨ ਦੀ ਕਿਸਮ ਦੀ ਜਾਂਚ ਕੀਤੀ ਗਈ ਸੀ ਅਤੇ ਤੁਸੀਂ Rh ਫੈਕਟਰ ਨੈਗੇਟਿਵ ਹੋ।
- ਇਸਦਾ ਮਤਲਬ ਹੈ ਕਿ ਤੁਹਾਡੇ ਲਾਲ ਖੂਨ ਦੇ ਸੈੱਲਾਂ ਵਿੱਚ ਸੈੱਲ ਦੀ ਬਾਹਰੀ ਸਤਹ 'ਤੇ Rh ਫੈਕਟਰ ਨਹੀਂ ਹੈ। 15/100 ਲੋਕ Rh ਨੈਗੇਟਿਵ ਹਨ।
- ਤੁਹਾਡੇ ਬੱਚੇ ਦੀ ਖੂਨ ਦੀ ਕਿਸਮ ਤੁਹਾਡੇ ਖੂਨ ਦੀ ਕਿਸਮ ਅਤੇ ਬੱਚੇ ਦੇ ਪਿਤਾ ਦੀ ਖੂਨ ਦੀ ਕਿਸਮ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ|

**ਇਹ ਮੇਰੇ ਬੱਚੇ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ? How does this affect my baby?**

- ਜੇਕਰ ਤੁਸੀਂ Rh ਨੈਗੇਟਿਵ ਹੋ ਅਤੇ ਤੁਹਾਡਾ ਬੱਚਾ Rh ਪਾਜ਼ਿਟਿਵ ਹੈ, ਤਾਂ ਤੁਹਾਡੀ ਰੋਗ ਪ੍ਰਤਿਰੋਧੀ ਪ੍ਰਣਾਲੀ ਬੱਚੇ ਦੇ ਲਾਲ ਰਕਤਾਣੂਆਂ 'ਤੇ ਪ੍ਰਤੀਕਿਰਿਆ ਕਰ ਸਕਦੀ ਹੈ ਅਤੇ ਬੱਚੇ ਦੇ Rh-ਪਾਜ਼ਿਟਿਵ ਖੂਨ ਦੇ ਸੈੱਲਾਂ ਦੇ ਵਿਰੁੱਧ ਐਂਟੀਬਾਡੀਜ਼ ਬਣਾ ਸਕਦੀ ਹੈ।
- ਆਮ ਤੌਰ 'ਤੇ, ਐਂਟੀਬਾਡੀਜ਼ ਜਾਂ ਖੂਨ ਦੇ ਪ੍ਰੋਟੀਨ ਲਾਗਾਂ ਨਾਲ ਲੜਨ ਲਈ ਬਣਾਏ ਅਤੇ ਵਰਤੇ ਜਾਂਦੇ ਹਨ।
- ਤੁਹਾਡੀਆਂ ਐਂਟੀਬਾਡੀਜ਼ ਜੇਰ ਦੇ ਪਾਰ ਬੱਚੇ ਨੂੰ ਜਾਂਦੀਆਂ ਹਨ, ਖਾਸ ਤੌਰ 'ਤੇ ਤੁਹਾਡੀ ਗਰਭ ਅਵਸਥਾ ਦੇ ਆਖਰੀ ਹਿੱਸੇ ਵਿੱਚ, ਤੁਹਾਡੇ ਬੱਚੇ ਨੂੰ ਉਸ ਦੇ ਜੀਵਨ ਦੇ ਪਹਿਲੇ ਕੁਝ ਮਹੀਨਿਆਂ ਦੌਰਾਨ ਲਾਗਾਂ ਤੋਂ ਬਚਾਉਣ ਲਈ।
- ਜੇ ਤੁਹਾਡਾ ਸਰੀਰ ਉਹਨਾਂ ਖੂਨ ਦੇ ਸੈੱਲਾਂ ਲਈ ਐਂਟੀਬਾਡੀਜ਼ ਬਣਾਉਣਾ ਸਿੱਖਦਾ ਹੈ ਜੋ Rh ਪਾਜ਼ਿਟਿਵ ਹਨ, ਤਾਂ ਇਹ ਐਂਟੀਬਾਡੀਜ਼ ਜੇਰ ਦੇ ਪਾਰ ਲੰਘ ਸਕਦੇ ਹਨ ਅਤੇ ਬੱਚੇ ਦੇ ਖੂਨ ਦੇ ਸੈੱਲਾਂ 'ਤੇ ਹਮਲਾ ਕਰ ਸਕਦੇ ਹਨ ਜਿਸ ਨਾਲ ਉਹ ਫਟ ਸਕਦੇ ਹਨ।
- ਇਹ ਬੱਚੇ ਲਈ ਬਹੁਤ ਗੰਭੀਰ ਹੋ ਸਕਦਾ ਹੈ।
- ਜੇਕਰ ਤੁਹਾਡੇ ਸਰੀਰ ਵਿੱਚ ਖੂਨ ਦੇ ਸੈੱਲਾਂ ਲਈ ਐਂਟੀਬਾਡੀਜ਼ ਹਨ, ਤਾਂ ਤੁਹਾਡੇ ਸਰੀਰ ਦੀ ਪ੍ਰਤੀਕ੍ਰਿਆ ਹਰ ਗਰਭ ਅਵਸਥਾ ਦੇ ਨਾਲ ਹੋਰ ਵੀ ਮਜ਼ਬੂਤ ਹੋ ਸਕਦੀ ਹੈ।
- ਇਹੀ ਕਾਰਨ ਹੈ ਕਿ ਹਰ ਗਰਭ-ਅਵਸਥਾ ਵਿੱਚ ਅਤੇ ਹਰ ਵਾਰੀ ਜਨਮ ਦੇਣ ਤੋਂ ਬਾਅਦ ਤੁਹਾਡੇ ਖੂਨ ਦੀ ਐਂਟੀਬਾਡੀਜ਼ ਲਈ ਜਾਂਚ ਕੀਤੀ ਜਾਂਦੀ ਹੈ।

**ਕੀ ਮੈਨੂੰ ਦੁਬਾਰਾ ਟੈਸਟ ਕਰਵਾਉਣ ਦੀ ਲੋੜ ਹੈ? Will I need to be tested again?**

- ਤੁਹਾਡੇ ਖੂਨ ਦੀ 24 ਤੋਂ 26 ਹਫ਼ਤਿਆਂ ਦੇ ਨੇੜੇ (ਅਕਸਰ ਗਰਭਕਾਲੀ ਡਾਇਬੀਟੀਜ਼ ਸਕ੍ਰੀਨਿੰਗ ਟੈਸਟ ਦੇ ਸਮੇਂ) ਅਤੇ ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ ਦੁਬਾਰਾ ਐਂਟੀਬਾਡੀਜ਼ ਲਈ ਜਾਂਚ ਕੀਤੀ ਜਾਵੇਗੀ।
- ਤੁਹਾਨੂੰ ਹਰ ਗਰਭ ਅਵਸਥਾ ਵਿੱਚ ਟੈਸਟ ਕਰਵਾਉਣ ਦੀ ਲੋੜ ਪਵੇਗੀ।

**ਕੀ ਮੇਰੇ ਸਰੀਰ ਨੂੰ ਇਹ ਐਂਟੀਬਾਡੀਜ਼ ਬਣਾਉਣ ਤੋਂ ਰੋਕਣ ਲਈ ਮੈਂ ਕੁਝ ਕਰ ਸਕਦੀ ਹਾਂ? Is there anything I can do to stop my body from making these antibodies?**

- ਅਸੀਂ ਤੁਹਾਡੇ ਸਰੀਰ ਨੂੰ ਬੱਚੇ ਦੇ ਖੂਨ ਦੇ ਸੈੱਲਾਂ 'ਤੇ ਪ੍ਰਤੀਕਿਰਿਆ ਕਰਨ ਤੋਂ ਰੋਕਣ ਲਈ ਇੱਕ ਟੀਕਾ (ਸ਼ਾਟ) ਦੇ ਸਕਦੇ ਹਾਂ।
- ਇਹ ਸ਼ਾਟ ਇੱਕ ਧਿਆਨ ਨਾਲ ਤਿਆਰ ਕੀਤਾ ਖੂਨ ਉਤਪਾਦ ਹੈ, Rh ਇਮਿਊਨ ਗਲੋਬੂਲਿਨ (RhIg), ਜਿਸਨੂੰ ਅਕਸਰ ਰੋਗੈਮ ਕਿਹਾ ਜਾਂਦਾ ਹੈ।

**Rh ਇਮਿਊਨ ਗਲੋਬੂਲਿਨ ਕੀ ਹੈ? What is Rh Immune Globulin?**

- Rh ਇਮਿਊਨ ਗਲੋਬੂਲਿਨ ਉਹਨਾਂ ਲੋਕਾਂ ਦੇ ਖੂਨ ਤੋਂ ਇਕੱਠਾ ਕੀਤਾ ਜਾਂਦਾ ਹੈ ਜੋ Rh ਫੈਕਟਰ ਲਈ ਐਂਟੀਬਾਡੀਜ਼ ਬਣਾਉਂਦੇ ਹਨ।
- ਇਹ ਮਾਸਪੇਸ਼ੀ ਵਿੱਚ ਇੱਕ ਸ਼ਾਟ ਦੁਆਰਾ ਦਿੱਤਾ ਜਾਂਦਾ ਹੈ, ਆਮ ਤੌਰ 'ਤੇ ਬਾਂਹ ਦੇ ਉੱਪਰਲੇ ਹਿੱਸੇ ਵਿੱਚ ਜਾਂ ਪੁੱਠੇ ਵਿੱਚ।
- ਇਹ ਐਂਟੀਬਾਡੀਜ਼ ਤੁਹਾਡੇ ਸਰੀਰ ਵਿੱਚ ਲੰਘਣ ਵਾਲੇ ਕਿਸੇ ਵੀ ਬੱਚੇ ਦੇ ਖੂਨ ਦੇ ਸੈੱਲਾਂ ਦਾ "ਸਫ਼ਾਇਆ" ਕਰ ਦੇਣਗੇ ਤਾਂ ਜੋ ਤੁਹਾਡੇ ਸਰੀਰ ਨੂੰ ਪ੍ਰਤੀਕਿਰਿਆ ਕਰਨ ਅਤੇ ਐਂਟੀਬਾਡੀਜ਼ ਬਣਾਉਣ ਦਾ ਸਮਾਂ ਨਾ ਮਿਲੇ।

**ਕੀ RhIg ਦੇ ਕੋਈ ਮਾੜੇ ਪ੍ਰਭਾਵ ਹਨ? Are there any side effects of RhIg?**

- ਖੂਨ ਉਤਪਾਦ, Rh ਇਮਿਊਨ ਗਲੋਬੂਲਿਨ ਦੀ ਧਿਆਨ ਨਾਲ ਜਾਂਚ ਕੀਤੀ ਜਾਂਦੀ ਹੈ ਅਤੇ ਇਸਨੂੰ ਟੀਕੇ ਵਜੋਂ ਸੁਰੱਖਿਅਤ ਬਣਾਉਣ ਲਈ ਸੋਧਿਆ ਜਾਂਦਾ ਹੈ।
- ਮੌਜੂਦਾ ਟੈਸਟਿੰਗ ਪ੍ਰਣਾਲੀ ਦੇ ਨਾਲ, ਉੱਤਰੀ ਅਮਰੀਕਾ ਵਿੱਚ Rh ਇਮਿਊਨ ਗਲੋਬੂਲਿਨ ਨਾਲ ਸਬੰਧਤ ਕੋਈ ਲਾਗ ਨਹੀਂ ਹੈ।
- ਕੁਝ ਲੋਕ ਟੀਕਾ ਲੱਗਣ ਵਾਲੀ ਥਾਂ ਤੇ ਮਾਸਪੇਸ਼ੀ ਵਿੱਚ ਦਰਦ ਮਹਿਸੂਸ ਕਰ ਸਕਦੇ ਹਨ ਜਾਂ ਸਿਰ ਦਰਦ ਹੋ ਸਕਦਾ ਹੈ।
- ਇਹ ਬਹੁਤ ਹੀ ਘੱਟ ਹੁੰਦਾ ਹੈ ਕਿ ਕਿਸੇ ਵਿਅਕਤੀ ਨੂੰ ਟੀਕਾ ਲੱਗਣ ਨਾਲ ਐਲਰਜੀ ਵਾਲੀ ਪ੍ਰਤੀਕ੍ਰਿਆ ਹੋਵੇ। ਇਹ ਟੀਕਾ ਲੱਗਣ ਤੋਂ ਤੁਰੰਤ ਬਾਅਦ ਠੰਢ, ਸਿਰ ਦਰਦ, ਚੱਕਰ ਆਉਣੇ, ਬੁਖਾਰ ਜਾਂ ਧੱਫੜ ਦੇ ਰੂਪ ਵਿੱਚ ਹੋ ਸਕਦਾ ਹੈ।
- ਤੁਹਾਨੂੰ ਟੀਕਾ ਲੱਗਣ ਤੋਂ ਬਾਅਦ 20 ਮਿੰਟ ਤੱਕ ਰੁਕਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

ਅਪ੍ਰੈਲ 2019

ਨੋਕਸ ਕਲਿਨਿਕ

Punjabi

**ਮੈਨੂੰ ਟੀਕਾ ਕਦੋਂ ਲਗਵਾਉਣਾ ਚਾਹੀਦਾ ਹੈ? When should I get the shot?**

ਜੇ ਇਹ ਸੰਭਾਵਨਾ ਹੈ ਕਿ ਬੱਚੇ ਦੇ ਕੁਝ ਲਾਲ ਖ਼ੂਨ ਦੇ ਸੈੱਲ ਤੁਹਾਡੇ ਖ਼ੂਨ ਵਿੱਚ ਦਾਖਲ ਹੋ ਸਕਦੇ ਹਨ, ਤਾਂ ਜਿੰਨੀ ਜਲਦੀ ਹੋ ਸਕੇ ਤੁਹਾਨੂੰ ਟੀਕਾ ਲਗਾਇਆ ਜਾਵੇਗਾ।

- ਇੱਕ ਅਜਿਹਾ ਮੌਕਾ ਜਦੋਂ ਬੱਚੇ ਦੇ ਲਾਲ ਰਕਤਾਣੂ ਤੁਹਾਡੇ ਖ਼ੂਨ ਦੇ ਦੌਰੇ ਵਿੱਚ ਆ ਸਕਦੇ ਹਨ, ਉਹ ਹੈ ਜੇਕਰ ਗਰਭ ਅਵਸਥਾ ਵਿੱਚ ਕੋਈ ਖ਼ੂਨ ਵਹਿ ਰਿਹਾ ਹੈ।
- ਇਹ ਓਦੋਂ ਵੀ ਹੋ ਸਕਦਾ ਹੈ ਜੇਕਰ ਕੋਈ ਅੰਦਰੂਨੀ ਟੈਸਟ ਹੋਵੇ ਜਿਵੇਂ ਕਿ ਐਮਨੀਓਸੈਂਟੇਸਿਸ, ਜਾਂ ਤੁਹਾਡੇ ਪੇਟ ਵਿੱਚ ਕੋਈ ਮਹੱਤਵਪੂਰਣ ਸੱਟ।
- ਤੁਹਾਨੂੰ ਆਪਣੀ ਗਰਭ ਅਵਸਥਾ ਦੇ ਲਗਭਗ 26 ਤੋਂ 28 ਹਫ਼ਤਿਆਂ ਦੇ ਅੰਦਰ ਟੀਕਾ ਲਗਵਾਉਣਾ ਚਾਹੀਦਾ ਹੈ। ਇਹ ਟੀਕਾ ਤੁਹਾਡੇ ਨਿਯਮਤ ਜਨਮ ਤੋਂ ਪਹਿਲਾਂ ਦੇ ਦੌਰੇ ਦੌਰਾਨ ਲਗਵਾਇਆ ਜਾ ਸਕਦਾ ਹੈ। ਕਈ ਵਾਰ ਤੁਹਾਡੀ ਨਿਯਮਤ ਮੁਲਾਕਾਤ ਦਾ ਸਮਾਂ ਟੀਕੇ ਦੇ ਸਮੇਂ ਨਾਲ ਮੇਲ ਨਹੀਂ ਖਾਂਦਾ। ਫਿਰ ਕਲੀਨਿਕ ਵਿੱਚ ਇੱਕ ਵਾਧੂ ਮੁਲਾਕਾਤ ਦੀ ਲੋੜ ਹੁੰਦੀ ਹੈ।

> ਜਦੋਂ ਤੁਹਾਡੇ ਲਈ Rh ਇਮਿਊਨ ਗਲੋਬੂਲਿਨ ਲੈਣ ਦਾ ਸਮਾਂ ਹੁੰਦਾ ਹੈ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨੂੰ ਟੀਕੇ ਲਈ ਮਿਲਣ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਰਿਚਮੰਡ ਹਸਪਤਾਲ (ਕੈਫੇਟੇਰੀਆ ਦੇ ਨੇੜੇ ਕੇਂਦਰੀ ਹਾਲਵੇਅ ਦੇ ਬਿਲਕੁਲ ਹੇਠਾਂ) ਦੀ ਦੂਜੀ ਮੰਜ਼ਿਲ 'ਤੇ ਆਊਟਪੇਸ਼ੈਂਟ ਲੈਬਾਰਟਰੀ ਵਿੱਚ ਜਾਓ। ਪ੍ਰਯੋਗਸ਼ਾਲਾ ਦੇ ਸਟਾਫ ਨੂੰ ਵਿਸ਼ੇਸ਼ ਆਰਡਰ ਸ਼ੀਟ ਅਤੇ ਤੁਹਾਡੀ ਖ਼ੂਨ ਦੀ ਕਿਸਮ ਜਾਂਚ ਰਿਪੋਰਟ ਦੀ ਕਾਪੀ ਦਿਓ ਤਾਂ ਜੋ ਉਹ ਰਜਿਸਟਰ ਕਰ ਸਕਣ ਅਤੇ ਤੁਹਾਡੇ ਲਈ ਦਵਾਈ ਤਿਆਰ ਕਰ ਸਕਣ। ਕਿਰਪਾ ਕਰਕੇ ਦਵਾਈ ਨੂੰ ਸਿੱਧਾ ਆਪਣੇ ਡਾਕਟਰ ਕੋਲ ਲਿਆਓ।

**ਮੈਨੂੰ "ਸਹਿਮਤੀ" ਫਾਰਮ 'ਤੇ ਦਸਤਖਤ ਕਰਨ ਦੀ ਲੋੜ ਕਿਉਂ ਹੈ?**
**Why do I need to sign the “consent” form?**

- ਤੁਹਾਨੂੰ ਖ਼ੂਨ ਦੇ ਉਤਪਾਦ ਵਰਗੀਆਂ ਚੀਜ਼ਾਂ ਦੇਣ ਲਈ ਸਾਰੇ ਹਸਪਤਾਲਾਂ ਨੂੰ ਡਾਕਟਰੀ ਟੀਮ ਲਈ ਲਿਖਤੀ ਇਜਾਜ਼ਤ ਦੀ ਲੋੜ ਹੁੰਦੀ ਹੈ।
- ਅਸੀਂ ਤੁਹਾਨੂੰ ਤੁਹਾਡੀ ਜਨਮ ਦੇਣ ਤੋਂ ਪਹਿਲਾਂ ਦੀ ਮੁਲਾਕਾਤ ਦੌਰਾਨ ਇੱਕ ਸਹਿਮਤੀ ਫਾਰਮ 'ਤੇ ਦਸਤਖਤ ਕਰਨ ਲਈ ਕਹਾਂਗੇ ਤਾਂ ਜੋ ਅਸੀਂ ਇਹ ਦਰਸਾ ਸਕੀਏ ਕਿ ਅਸੀਂ Rh ਇਮਿਊਨ ਗਲੋਬੂਲਿਨ ਦਾ ਟੀਕਾ ਲਗਾਉਣ ਦਾ ਕਾਰਨ, ਟੀਕਾ ਲਗਾਉਣ ਦੀਆਂ ਸੰਭਾਵਿਤ ਸਮੱਸਿਆਵਾਂ ਦੇ ਨਾਲ-ਨਾਲ ਟੀਕਾ ਨਾ ਲਗਾਉਣ ਦੀ ਸੂਰਤ ਵਿੱਚ ਆਉਣ ਵਾਲੀਆਂ ਸੰਭਵ ਸਮੱਸਿਆਵਾਂ ਬਾਰੇ ਦੱਸਿਆ ਹੈ।
- ਇਸ ਸਹਿਮਤੀ ਦੀ ਇੱਕ ਕਾਪੀ ਤੁਹਾਡੇ ਡਾਕਟਰ ਦੇ ਦਫ਼ਤਰ ਅਤੇ ਹਸਪਤਾਲ ਵਿੱਚ ਤੁਹਾਡੇ ਮੈਡੀਕਲ ਰਿਕਾਰਡ ਦਾ ਹਿੱਸਾ ਬਣ ਜਾਵੇਗੀ।

**ਮੇਰੇ ਬੱਚੇ ਦੇ ਜਨਮ ਤੋਂ ਬਾਅਦ ਕੀ ਹੁੰਦਾ ਹੈ? What happens after the birth of my baby?**

- ਤੁਹਾਡੇ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ, ਨਾੜੂਏ ਤੋਂ ਇੱਕ ਨਮੂਨਾ ਲਿਆ ਜਾਵੇਗਾ।
- ਖ਼ੂਨ ਦੇ ਨਮੂਨੇ ਦੀ ਦਿਨ ਵੇਲੇ ਪ੍ਰਯੋਗਸ਼ਾਲਾ ਦੇ ਘੰਟਿਆਂ ਦੌਰਾਨ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਬੱਚਾ Rh ਪਾਜ਼ੀਟਿਵ ਹੈ ਤਾਂ ਤੁਹਾਨੂੰ ਇੱਕ ਹੋਰ ਟੀਕਾ ਲਗਾਇਆ ਜਾਵੇਗਾ।
- ਜੇਕਰ ਤੁਹਾਡਾ ਬੱਚਾ Rh ਨੈਗੇਟਿਵ ਹੈ ਤਾਂ ਇਸ ਗਰਭ ਅਵਸਥਾ ਤੋਂ ਬਾਅਦ Rh ਇਮਿਊਨ ਗਲੋਬੂਲਿਨ ਦੀ ਲੋੜ ਨਹੀਂ ਹੋਵੇਗੀ।
- ਤੁਹਾਨੂੰ ਹਰ ਗਰਭ ਅਵਸਥਾ ਵਿੱਚ ਟੈਸਟ ਕਰਵਾਉਣ ਦੀ ਲੋੜ ਪਵੇਗੀ।

**ਜੇ ਮੈਂ ਟੈਸਟ ਦੇ ਨਤੀਜੇ ਆਉਣ ਤੋਂ ਪਹਿਲਾਂ ਘਰ ਜਾਣ ਲਈ ਤਿਆਰ ਹੋਵਾਂ ਤਾਂ ਕੀ ਹੋਵੇਗਾ? What if I am ready to go home before test results are done?**

- ਜਦੋਂ ਸੰਭਵ ਹੋਵੇ, ਅਸੀਂ ਇਸ ਗੱਲ ਨੂੰ ਤਰਜੀਹ ਦਿੰਦੇ ਹਾਂ ਕਿ ਤੁਸੀਂ ਟੈਸਟਾਂ ਦੇ ਮੁਕੰਮਲ ਹੋਣ ਤੱਕ ਉਡੀਕ ਕਰੋ।
- ਜੇਕਰ ਤੁਸੀਂ ਟੈਸਟਾਂ ਦੇ ਖਤਮ ਹੋਣ ਤੋਂ ਪਹਿਲਾਂ ਘਰ ਜਾਂਦੇ ਹੋ ਅਤੇ ਤੁਹਾਨੂੰ RhIg ਟੀਕੇ ਦੀ ਲੋੜ ਹੁੰਦੀ ਹੈ, ਤਾਂ ਇਹ ਅਗਲੇ ਦਿਨ ਦਿੱਤਾ ਜਾ ਸਕਦਾ ਹੈ, ਪਰ 72 ਘੰਟਿਆਂ ਤੋਂ ਬਾਅਦ ਨਹੀਂ। ਖਾਸ ਇੰਤਜ਼ਾਮ ਕਰਨੇ ਪੈਂਦੇ ਹਨ, ਤੁਹਾਡੀ ਗਰਭ ਅਵਸਥਾ ਦੌਰਾਨ ਤੁਹਾਨੂੰ ਟੀਕਾ ਲਗਾਏ ਜਾਣ ਵੇਲੇ ਕੀਤੇ ਗਏ ਪ੍ਰਬੰਧਾਂ ਦੀ ਤਰ੍ਹਾਂ (ਪਿਛਲੇ ਪੰਨੇ 'ਤੇ ਬਕਸੇ ਵਿੱਚ ਹਦਾਇਤਾਂ ਦੇਖੋ)।

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਆਪਣੇ ਹਸਪਤਾਲ ਜਾਂ ਕਮਿਊਨਿਟੀ ਨਰਸ ਨਾਲ ਗੱਲ ਕਰੋ।

ਅਪ੍ਰੈਲ 2019

**ਨੇਕਸ ਕਲਿਨਿਕ**

Punjabi